

SGSSS

ਸਤੰਬਰ
2024

# ਸਭਾ ਦੀ ਸਥਿਤੀ ਰਿਪੋਰਟ

ਸਭਾ ਦੁਆਰਾ ਬਾਹਰਲੇ ਸਲਾਹਕਾਰ ਦੇ ਸਹਿਯੋਗ ਨਾਲ ਤਿਆਰ ਕੀਤਾ ਗਿਆ

# ਪ੍ਰਬੰਧਕੀ ਸਾਰਾਂਸ਼

ਪੰਥਕ ਕਮੇਟੀ (ਕਮੇਟੀ) ਦਸੰਬਰ ੨੦੨੨ ਵਿੱਚ ਪ੍ਰਕਾਸ਼ਿਤ ਹੋਈ ਓਪਰੇਸ਼ਨਲ ਆਡਿਟ ਰਿਪੋਰਟ ਵਿੱਚ ਉਠਾਏ ਗਏ ਮੁੱਦਿਆਂ ਸਬੰਧੀ ਲਗਾਤਾਰ ਸਕਾਰਾਤਮ ਕਦਮ ਚੁੱਕ ਰਹੀ ਹੈ। ਸਤੰਬਰ ੨੦੨੩ ਦੇ ਰਿਪੋਰਟ ਸਬੰਧੀ ਵਿਸਥਾਰ ਤੋਂ ਬਾਅਦ ਚੁੱਕੇ ਗਏ ਕਦਮ ਇਸ ਤਰ੍ਹਾਂ ਹਨ-
ਕਮੇਟੀ ਵੱਲੋਂ ਸੁਝਾਈ ਗਈ ਨੀਤੀ ਅਨੁਸਾਰ ਸਾਰੇ ਪ੍ਰਜੈਕਟਾਂ ਤੇ ਚੱਲ ਰਹੇ ਕੰਮਾਂ ਦੇ ਨਿਰੀਖਣ ਲਈ ਪ੍ਰਜੈਕਟ ਮੈਨੇਜਮੈਂਟ ਸਾਫਟਵੇਅਰ ਲਗਾਇਆ ਗਿਆ ਹੈ।

- ਗੁਰੂਘਰ ਦੀ ਜਰੂਰਤ ਲਈ ਕੀਤੀ ਜਾਣ ਵਾਲੀ ਸਾਰੀ ਖਰੀਦਦਾਰੀ ਦਾ ਡਿਜੀਟਲ ਰਿਕਾਰਡ ਰੱਖਣ ਲਈ ਪ੍ਰਚੇਜ਼ ਆਰਡਰ ਸਿਸਟਮ ਹੋਂਦ ਵਿੱਚ ਲਿਆਂਦਾ ਗਿਆ ਹੈ। ਜਿਸ ਅਧੀਨ ਖਰੀਦਦਾਰੀ ਦੀਆਂ ਸਾਰੀਆਂ ਰਸੀਦਾਂ ਅਤੇ ਇਨਵਾਈਸਾਂ ਡਿਜੀਟਲ ਢੰਗ ਨਾਲ ਸਾਂਭੀਆਂ ਜਾਣਗੀਆਂ।
- ਲੰਗਰ ਅਤੇ ਟੈਕਨਾਲਜੀ ਦੀ ਸਬ ਕਮੇਟੀ ਸਥਾਪਤ ਕੀਤੀ ਗਈ ਹੈ ਜੋ ਕਾਰਜਕਾਰੀ ਕਮੇਟੀ ਨੂੰ ਰਿਪੋਰਟ ਕਰਦੀ ਹੈ।
- ਅਨੰਦ ਕਾਰਜਾਂ, ਸਟੇਜ,ਮਾਰਕੀਟਿੰਗ ਅਤੇ ਖਰੀਦਦਾਰੀ ਸਬੰਧੀ ਪਰਚੇਜ਼ ਆਰਡਰ ਸਿਸਟਮ ਲਈ ਨੀਤੀ ਲਾਗੂ ਕੀਤੀ ਗਈ ਹੈ।
- ਗੁਰੂਘਰ ਵਿੱਚ ਕੰਮ ਕਰਦੇ ਸਾਰੇ ਮੁਲਾਜਮਾਂ ਦੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਦਾ ਰੀਵਿਊ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਡਿਊਟੀ ਸਬੰਧੀ ਮੁਲੰਕਣ ਫਾਰਮ ਜਿਸਨੂੰ ਐਪਰੇਜ਼ਲ ਫਾਰਮ ਆਖਿਆ ਜਾਂਦਾ ਹੈ ਉਹ ਵੀ ਮੁਹੱਈਆ ਕਰਵਾਇਆ ਗਿਆ ਹੈ।
- ਗੁਰੂਘਰ ਦੀ ਸੰਗਤ ਨੂੰ ਸੱਦਾ ਦਿੱਤਾ ਗਿਆ ਹੈ ਕਿ ਉਹ ਪ੍ਰਬੰਧ ਵਿੱਚ ਨਜ਼ਰ ਆਉਂਦੀਆਂ ਕਮਜ਼ੋਰੀਆਂ ਸਬੰਧੀ ਆਪਣੇ ਵਿਚਾਰ ਦੇਵੇ ਅਤੇ ਉਨ੍ਹਾਂ ਨੂੰ ਸੁਧਾਰਨ ਲਈ ਪ੍ਰਬੰਧਕ ਕਮੇਟੀ ਦਾ ਸਾਥ ਦੇਵੇ।
- ਸੰਗਤ ਦੀ ਪ੍ਰਬੰਧਕ ਕਮੇਟੀ ਨਾਲ ਇੱਕ ਮਹੀਨਾਵਾਰ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਹੈ ਜਿਸ ਅਧੀਨ ਸੰਗਤ ਕਮੇਟੀ ਨੂੰ ਪ੍ਰਬੰਧ ਵਿੱਚ ਸੁਧਾਰ ਲਈ ਸੁਝਾਅ ਦੇ ਸਕੇਗੀ। ਇਸ ਨਾਲ ਸੰਗਤੀ ਤੌਰ ਤੇ ਕੌਮ ਵਿੱਚ ਇੱਕਜੁਟਤਾ ਵਧਾਉਣ ਦਾ ਕਾਰਜ ਵੀ ਹੋ ਜਾਵੇਗਾ।

ਕਮੇਟੀ ਆਡਿਟ ਦੇ ਸਾਰੇ ਮਾਮਲਿਆਂ ਨੂੰ ਬਹੁਤ ਗੰਭੀਰਤਾ ਨਾਲ ਦੇਖੇਗੀ ਅਤੇ ਇਹ ਯੋਗ ਬਣਾਏਗੀ ਕਿ ਸਾਰੇ ਮਾਮਲੇ ਸਮੇਂ ਸਿਰ ਨਿਪਟ ਜਾਣ। ਕਮੇਟੀ ਇਹ ਵੀ ਨਿਸਚਿਤ ਕਰੇਗੀ ਕਿ ਜਿਹੜੇ ਕਾਰਜ ਸਿਰੇ ਚੜ੍ਹ ਗਏ ਹਨ ਉਹ ਪੂਰੀ ਪੁਖਤਗੀ ਨਾਲ ਕੰਮ ਕਰ ਰਹੇ ਹੋਣ।

ਸਤੰਬਰ ੨੦੨੩ ਦੇ ਫਾਲੋ-ਅੱਪ ਦੀਆਂ ਮੁੱਖ ਝਲਕੀਆਂ-

- ਅਜਿਹੀ ਨੀਤੀ ਘੜਨੀ ਅਤੇ ਅਮਲ ਵਿੱਚ ਲਿਆਉਣੀ ਜਿਸ ਨਾਲ ਕਮੇਟੀ ਵੱਲੋਂ ਜਿੰਮੇ ਲਏ ਸਾਰੇ ਕਾਰਜ ਸਮੇਂ ਸਿਰ ਨੇਪਰੇ ਚੜ੍ਹ ਜਾਣ।
- ਹੋਰ ਸਬ ਕਮੇਟੀਆਂ ਬਣਾਉਣੀਆਂ ਜਿਸ ਨਾਲ ਸਾਰੇ ਕਾਰਜਾਂ ਤੇ ਤੀਬਰਤਾ ਨਾਲ ਧਿਆਨ ਕੇਂਦਰਤ ਕੀਤਾ ਜਾ ਸਕੇ।
- ਗੁਰੂਘਰ ਦੇ ਸਾਰੇ ਸਟਾਫ ਨੂੰ ਆਪਣੀ ਜਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ ਨਵਾਂ ਆਰਗੇਨਾਈਜ਼ੇਸ਼ਨਲ ਚਾਰਟ ਸਿਸਟਮ ਹੋਂਦ ਵਿੱਚ ਲਿਆਉਣਾਂ।
- ਗੁਰੂਘਰ ਦੇ ਕਾਰਜਾਂ ਨੂੰ ਸਹੀ ਦਿਸ਼ਾ ਵਿੱਚ ਨੇਪਰੇ ਚਾੜ੍ਹਨ ਲਈ ਇੱਕ ਓਪਰੇਸ਼ਨਜ਼ ਮੈਨੇਜਰ ਅਤੇ ਸੁਰੱਖਿਆ ਸਬੰਧੀ ਅਫਸਰ ਦੀ ਨਿਯੁਕਤੀ ਕਰਨੀ।
- ਗੁਰੂਘਰ ਕੰਪਲੈਕਸ ਵਿੱਚ ਚੱਲ ਰਹੇ ਕਈ ਪ੍ਰਜੈਕਟਾਂ ਨੂੰ ਸਫਲਤਾ ਨਾਲ ਨੇਪਰੇ ਚਾੜ੍ਹਨਾ ਤਾਂ ਕਿ ਸੰਗਤ ਇਨ੍ਹਾਂ ਸਹੂਲਤਾਂ ਦੀ ਵਰਤੋਂ ਕਰ ਸਕੇ।
- ਸਟੇਟ ਆਫ ਦੀ ਸਭਾ ਰਿਪੋਰਟ ਵਿੱਚ ਸਾਹਮਣੇ ਲਿਆਂਦੇ ਗਏ ਮੁੱਦਿਆਂ ਨੂੰ ਸਹੀ ਦਿਸ਼ਾ ਵਿੱਚ ਹੱਲ ਕਰਨ ਲਈ ਇੱਕ ਅਜ਼ਾਦ ਸੇਫਗਾਰਡਿੰਗ ਰਿਪੋਰਟ ਤਿਆਰ ਕਰਨਾ।

# ਮੁੱਦੇ ਦਾ ਵੇਰਵਾ

## 1. ਨੀਤੀ

### ਪਿੱਠਭੂਮੀ:

ਇਸ ਸਬੰਧੀ ਕੋਈ ਨੀਤੀ ਨਹੀ ਹੈ ਜਿਸ ਅਧੀਨ ਗੁਰੂਘਰ ਦੀ ਕਮੇਟੀ ਆਪਣੇ ਮੈਨੀਫੈਸਟੋ ਵਿੱਚ ਕੀਤੇ ਗਏ ਵਾਅਦੇ ਸਮੇਂ ਸਿਰ ਪੂਰੇ ਕਰ ਸਕੇਗੀ। ਕਿਸੇ ਸਹੀ ਨੀਤੀ ਦੀ ਅਣਹੋਂਦ ਵਿੱਚ ਗੁਰੂਘਰ ਦੇ ਪ੍ਰਜੈਕਟ, ਪ੍ਰੋਗਰਾਮ ਅਤੇ ਤਰਜੀਹਾਂ, ਉਸਾਰੂ ਨਹੀ ਹੋਣਗੀਆਂ, ਉਹ ਸਪਸ਼ਟ ਨਹੀ ਹੋਣਗੀਆਂ। ਜੇ ਨੀਤੀਆਂ ਸਪਸ਼ਟ ਨਹੀ ਹੋਣਗੀਆਂ ਤਾਂ ਉਹ ਸਮੁੱਚਤਾ ਵਿੱਚ ਲਾਗੂ ਨਹੀ ਹੋਣਗੀਆਂ। ਇਹ ਵੀ ਪਤਾ ਨਹੀ ਹੈ ਕਿ ਗੁਰੂਘਰ ਦੇ ਪ੍ਰਜੈਕਟਾਂ ਨੂੰ ਨੇਪਰੇ ਚਾੜ੍ਹਨ ਲਈ ਕਿੰਨਾ ਸਮਾਂ ਲੱਗੇਗਾ, ਕਿੰਨੀ ਵਰਕ ਫੋਰਸ ਲੋੜੇਗੀ ਅਤੇ ਕਿੰਨੇ ਪੈਸੇ ਲੱਗਣਗੇ।

ਇਸ ਸਥਿਤੀ ਵਿੱਚ ਹਾਲਾਤ ਇਹ ਬਣਨਗੇ ਕਿ ਕਮੇਟੀ ਆਪਣੇ ਨਿਸ਼ਾਨੇ ਸਮੇਂ ਸਿਰ ਪੂਰੇ ਨਹੀ ਕਰ ਸਕੇਗੀ। ਜਿਸ ਨਾਲ ਸੰਗਤ ਦੀ ਮਾਇਆ ਸਹੀ ਢੰਗ ਨਾਲ ਨਹੀ ਵਰਤੀ ਜਾ ਸਕੇਗੀ।

| ਕਮੇਟੀ ਦੀ ਕਾਰਵਾਈ ਨੀਤੀ: | ਨੀਤੀ ਸਬੰਧੀ ਮੁਲੰਕਣ: |
|---|---|
| ਕਮੇਟੀ ਨੂੰ ਅਜਿਹੀ ਨੀਤੀ ਬਣਾਉਣੀ ਚਾਹੀਦੀ ਹੈ ਜਿਸ ਤੋਂ ਪਤਾ ਲੱਗੇ ਕਿ ਉਹ ਕਿਸ ਢੰਗ ਨਾਲ ਆਪਣੇ ਮੈਨੀਫੈਸਟੋ ਦੇ ਨਿਸ਼ਾਨਿਆਂ ਨੂੰ ਸਰ ਕਰਨ ਦੇ ਯੋਗ ਹੋਵੇਗੀ। | **ਸਿੱਟਾ**- ਕਾਰਜ ਸਿਰੇ ਚੜ੍ਹ ਗਿਆ ਹੈ ਜੀ<br><br>ਵਿਸਥਾਰ ਸਹਿਤ ਜਾਣਕਾਰੀ ਸਤੰਬਰ 2023 ਦੀ ਰਿਪੋਰਟ ਵਿੱਚ ਹੈ ਜੀ। |
| ਨੀਤੀ ਅਨੁਸਾਰ ਉਨ੍ਹਾਂ ਕੇਂਦਰੀ ਪ੍ਰਜੈਕਟਾਂ, ਪ੍ਰੋਗਰਾਮਾਂ ਅਤੇ ਤਰਜੀਹਾਂ ਨੂੰ ਸਾਹਮਣੇ ਲਿਆਉਣਾਂ ਜਿਨ੍ਹਾਂ ਨੂੰ ਕਮੇਟੀ ਸਮੇਂ ਸਿਰ ਪੂਰਾ ਕਰਨਾ ਚਾਹੁੰਦੀ ਹੈ। ਇਸਦੇ ਨਾਲ ਹੀ ਪ੍ਰਜੈਕਟ ਤੇ ਲੱਗਣ ਵਾਲਾ ਸਮਾਂ ਤੇ ਪੈਸੇ ਦੀ ਜਾਣਕਾਰੀ ਵੀ ਹੋਵੇ। | **ਅਗਸਤ 2024 ਅਪਡੇਟ-**<br><br>ਫਰਵਰੀ 2024 ਤੋਂ ਬਾਅਦ ਕਮੇਟੀ ਨੇ ਪਰਜੈਕਟ ਮੈਨੇਜਮੈਂਟ ਸਾਫਟਵੇਅਰ ਟੂਲ ਵਰਤੋਂ ਵਿੱਚ ਲਿਆਂਦਾ ਹੈ। ਮੰਡੇ ਡਾਟ ਕਾਮ। ਇਸ ਸਾਫਟਵੇਅਰ ਦੀ ਸਹਾਇਤਾ ਨਾਲ ਗੁਰੂਘਰ ਦੇ ਪਰਬੰਧ ਨਾਲ ਸਬੰਧਤ ਬਹੁਤ ਸਾਰੇ ਕਾਰਜ ਕੀਤੇ ਜਾ ਰਹੇ ਹਨ।<br>ਕਮੇਟੀ ਇਸ ਸਾਫਟਵੇਅਰ ਦੀ ਵਰਤੋਂ ਜਾਰੀ ਰੱਖੇਗੀ ਤਾਂਕਿ ਡੈਸ਼ਬੋਰਡ ਉਸਾਰੇ ਜਾ ਸਕਣ ਜਿਹੜੇ ਕਮੇਟੀ ਦੇ ਕੰਮਕਾਜ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਦੇ ਯੋਗ ਹੋਣਗੇ। ਇਸ ਕਾਰਜ ਲਈ 2025 ਦੇ ਬਜਟ ਵਿੱਚ ਪਰਬੰਧ ਕੀਤੇ ਜਾਣਗੇ।<br>ਕਾਰਜ ਜਾਰੀ ਹੈ ਜੀ। |
| ਹਰ ਕਮੇਟੀ ਮੀਟਿੰਗ ਵਿੱਚ ਇਸ ਨੀਤੀ ਦੀ ਨਜ਼ਰਸਾਨੀ ਹੋਣੀ ਚਾਹੀਦੀ ਹੈ ਤਾਂ ਕਿ ਹੋ ਰਹੇ ਵਿਕਾਸ ਕਾਰਜਾਂ ਤੇ ਨਿਗਾਹ ਰੱਖੀ ਜਾ ਸਕੇ। | **ਅਗਸਤ 2024 ਅਪਡੇਟ-**<br><br>ਤਿੰਨ ਟਰਸਟੀਆਂ ਦੇ ਨਾਲ ਜਨਰਲ ਸਕੱਤਰਾਂ ਨੇ ਮੰਡੇ ਡਾਟ ਕਾਮ ਦੇ ਕਾਰਜਾਂ ਦਾ ਨਿਰੀਖਣ ਕੀਤਾ ਹੈ। ਇਹ ਨਿਰੀਖਣ ਹਰ ਦੋ ਹਫਤੇ ਤੋਂ ਬਾਅਦ ਹੁੰਦਾ ਹੈ ਜੇ ਕੋਈ ਮਸਲਾ ਹੁੰਦਾ ਹੈ ਤਾਂ ਉਸਨੂੰ ਸੁਲਝਾਉਣ ਦਾ ਯਤਨ ਕੀਤਅ ਜਾਂਦਾ ਹੈ। ਇਸ ਨੀਤੀ ਨੂੰ ਰਸਮੀ ਤੌਰ ਉੱਤੇ ਕਮੇਟੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ।<br>ਕਾਰਜ ਜਾਰੀ ਹੈ ਜੀ। |

## 2. ਸ਼ਾਸ਼ਨੀ ਢਾਚਾ

### ਪਿੱਠਭੂਮੀ:

ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਕੁਝ ਮਹੱਤਵਪੂਰਨ ਤਬਦੀਲੀਆਂ ਦੀ ਲੋੜ ਹੈ:

- ਪ੍ਰਬੰਧਕ ਕਮੇਟੀ ਦੀ ਮਹੀਨਾਵਾਰ ਮੀਟਿੰਗ ਵਿੱਚ ਕਈ ਸਬ ਕਮੇਟੀਆਂ ਦੀ ਕੋਈ ਰਿਪੋਰਟ ਪੇਸ਼ ਨਹੀ ਹੁੰਦੀ ਜਿਵੇਂ ਕਿ ਸਪੋਰਟਸ ਆਦਿ।
- ਪ੍ਰਬੰਧ ਵਿੱਚ ਕੋਈ ਅਜਿਹਾ ਰਜਿਸਟਰ ਜਾਂ ਸ਼ਿਕਾਇਤ ਸਿਸਟਮ ਨਹੀ ਹੈ ਜਿਸ ਰਾਹੀਂ ਕੋਈ ਸ਼ਿਕਾਇਤ ਜਾਂ ਹੋਰ ਮਸਲਾ ਦਰਜ ਹੋਵੇ, ਉਸਦੀ ਜਾਂਚ ਹੋਵੇ ਅਤੇ ਉਸਦਾ ਨਿਪਟਾਰਾ ਹੋਵੇ।
- ਸਿੰਘ ਸਭਾ ਸਾਊਥਾਲ ਦਾ ਸੰਵਿਧਾਨ 2010 ਤੋਂ ਬਾਅਦ ਨਵਿਆਇਆ ਨਹੀ ਗਿਆ।
- ਮਾਰਚ 2022 ਤੋਂ ਬਾਅਦ ਗੁਰਦੁਆਰਾ ਕਮੇਟੀ ਦੀਆਂ ਮੀਟਿੰਗਾਂ ਦਾ ਵੇਰਵਾ ਵੈਬਸਾਈਟ ਤੇ ਨਹੀ ਜਾਰੀ ਕੀਤਾ ਗਿਆ।

ਇਸ ਕਾਰਨ ਕਮੇਟੀ ਦੀਜੁਆਬਦੇਹੀ ਵਿੱਚ ਫਰਕ ਪੈਂਦਾ ਹੈ ਅਤੇ ਪ੍ਰਭਾਵ ਜਾਂਦਾ ਹੈ ਕਿ ਕਮੇਟੀ ਦੇ ਕੇਂਦਰੀ ਕਾਰਜ ਸਹੀ ਢੰਗ ਨਾਲ ਜਾਂਚੇ ਨਹੀ ਜਾ ਰਹੇ।

| ਕਮੇਟੀਦਾ ਐਕਸ਼ਨ ਪਲਾਨ: | ਕਮੇਟੀ ਐਕਸ਼ਨ ਪਲਾਨ ਨੂੰ ਲਾਗੂ ਕਰਨਾ |
|---|---|
| ਸਾਰੇ ਕਾਰਜਾਂ ਦੀ ਸਹੀ ਨਿਗਰਾਨੀ ਲਈ ਸਬ-ਕਮੇਟੀਆਂ ਬਣਾਈਆਂ ਜਾਣ। ਇਹ ਸਬ ਕਮੇਟੀਆਂ ਹਰ ਮਹੀਨੇ ਆਪਣੇ ਕਾਰਜਾਂ ਦੀ ਸਥਿਤੀ ਬਾਰੇ ਮੁੱਖ ਕਮੇਟੀ ਨੂੰ ਵਿਸਥਾਰਿਤ ਰਿਪੋਰਟ ਦੇਣ। | **ਸਤੰਬਰ 2024 ਦਾ ਅਪਡੇਟ-**<br><br>ਜਨਰਲ ਸੈਕਟਰੀਆਂ ਨੇ ਇਹ ਗੱਲ ਮੰਨੀ ਹੈ ਕਿ ਸਾਨੂੰ ਲੰਗਰ ਲਈ ਟਰਮ ਆਫ ਰੈਫਰੈਂਸ ਦੀ ਲੋੜ ਨਹੀ ਹੈ। ਜਦੋਂਕਿ ਲੰਗਰ ਦੇ ਜਥੇਬੰਦਕ ਢਾਂਚੇ ਦਾ ਇੱਕ ਚਾਰਟ ਬਣਾ ਦਿੱਤਾ ਗਿਆ ਹੈ।<br><br>ਟੈਕਨਾਲਜੀ ਸਬ ਕਮੇਟੀ ਦੀਆਂ ਟਰਮ ਆਫ ਰੈਫਰੈਂਸ ਹਾਲੇ ਬਣਾਈਆਂ ਜਾਣੀਆਂ ਹਨ। ਪਰ ਤਕਨੀਕੀ ਕੰਮਾਂ ਲਈ ਵਰਕਿੰਗ ਗਰੁੱਪ ਬਣਾ ਦਿੱਤੇ ਗੇ ਹਨ ਜਿਹੜੇ ਕੰਮਕਾਜ ਦੇਖਣਗੇ।<br><br>ਜਿਵੇਂ ਕਿ ਫਰਵਰੀ 2024 ਵਿੱਚ ਦੱਸਿਆ ਗਿਆ ਸੀ ਹਾਲੇ ਵੀ ਸਮਾਜਕ, ਸੱਭਿਆਚਾਰਕ ਕੰਮਾਂ ਲਈ ਕੋਈ ਨਿਸਚਿਤ ਸਮਾਂ ਸਾਰਨੀ ਨਹੀ ਬਣ ਸਕੀ।<br><br>**ਸਿੱਟਾ- ਕੰਮ ਜਾਰੀ ਹੈ ਜੀ।** |

# ਮੁੱਦੇ ਦਾ ਵੇਰਵਾ

ਗੁਰੂਘਰ ਦੀ ਪ੍ਰਬੰਧਕ ਕਮੇਟੀ ਦੀਆਂ ਮੀਟਿੰਗਾਂ ਦੀ ਕਾਰਵਾਈ ਗੁਰਦੁਆਰਾ ਵੈਬਸਾਈਟ ਤੇ ਜਾਰੀ ਕੀਤੀ ਜਾਵੇ। ਤਾਂ ਕਿ ਜਦੋਂ ਸੰਗਤ ਨੂੰ ਲੋੜ ਹੋਵੇ ਤਾਂ ਉਹ ਸਾਰੀ ਕਾਰਵਾਈ ਦੇਖ ਸਕੇ।

ਕਿਸੇ ਵੀ ਮਸਲੇ, ਘਟਨਾ ਜਾਂ ਸ਼ਿਕਾਇਤ ਸਬੰਧੀ ਕੋਈ ਅਜਿਹਾ ਪ੍ਰਬੰਧ ਹੋਂਦ ਵਿੱਚ ਲਿਆਂਦਾ ਜਾਵੇ ਜਿਸ ਨਾਲ ਸਮੱਸਿਆਵਾਂ ਦੀ ਨਿਸ਼ਾਨਦੇਹੀ ਹੋਵੇ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਜਲਦ ਯਤਨ ਹੋਣ।

ਜਿੱਥੇ ਸੰਭਵ ਹੋਵੇ ਕੁਝ ਜਿੰਮੇਵਾਰੀਆਂ ਅਤੇ ਕੰਮ ਸੰਗਤ ਦੇ ਮੈਂਬਰਾਂ ਦੇ ਸਪੁਰਦ ਕੀਤੇ ਜਾਣ। ਜਿਨ੍ਹਾਂ ਦੀ ਇਸ ਸਬੰਧੀ ਰੁਚੀ ਹੋਵੇ ਅਤੇ ਜਿਨ੍ਹਾਂ ਕੋਲ ਸਮਾਂ ਹੋਵੇ ਇਨ੍ਹਾਂ ਨੂੰ ਕਰਨ ਦਾ।

**ਸਿੱਟਾ**- **ਕਾਰਜ ਸਿਰੇ ਚੜ੍ਹ ਗਿਆ ਹੈ ਜੀ**

ਜਿਆਦਾ ਜਾਣਕਾਰੀ ਸਤੰਬਰ 2023 ਦੀ ਰਿਪੋਰਟ ਵਿੱਚ ਹੈ ਜੀ।

## 3. ਪ੍ਰਬੰਧ ਸਬੰਧੀ ਨੀਤੀਆਂ

### ਪਿੱਠਭੂਮੀ:

ਪ੍ਰਬੰਧ ਨੂੰ ਚਲਾਉਣ ਲਈ ਕੋਈ ਸੁਚਾਰੂ ਨੀਤੀਆਂ ਅਤੇ ਪ੍ਰੋਗਰਾਮਾਂ ਦੀ ਅਣਹੋਂਦ ਹੈ। ਜਿੱਥੇ ਕਿਤੇ ਨੀਤੀਆਂ ਹੈਨ ਵੀ ਉਨ੍ਹਾਂ ਨੂੰ ਬਹੁਤਾ ਵਰਤਿਆ ਨਹੀ ਜਾਂਦਾ ਅਤੇ ਨਾ ਹੀ ਬਹੁਤੀ ਤਵੱਜੋ ਦਿੱਤੀ ਜਾਂਦੀ ਹੈ।

ਪ੍ਰਬੰਧ ਵਿੱਚ ਅਜਿਹੀਆਂ ਨੀਤੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਪ੍ਰਬੰਧ ਨੂੰ ਇੱਕ ਨਿਸਚਿਤ ਅਤੇ ਵਧੀਆ ਸਟੈਂਡਰਡ ਅਨੁਸਾਰ ਚਲਾਇਆ ਜਾ ਸਕੇ। ਉਹ ਖੇਤਰ ਜਿਨ੍ਹਾਂ ਵਿੱਚ ਸੁਚਾਰੂ ਨੀਤੀਆਂ ਦੀ ਘਾਟ ਹੈ:

- ਸੇਫਗਾਰਡਿੰਗ
- ਪਰਵਾਨਗੀ ਪ੍ਰਕਿਰਿਆ
- ਸ਼ੋਸ਼ਲਮੀਡੀਆ ਦੀ ਵਰਤੋਂ
- ਇਨਵੈਸਟਮੈਂਟ ਨੀਤੀ
- ਵੈਂਡਰਜ਼ ਅਤੇ ਵੈਟਿੰਗ ਨੀਤੀ
- ਰਿਜ਼ਰਵ ਅਤੇ ਨਿਵੇਸ਼ ਨੀਤੀ

ਇਨ੍ਹਾਂ ਖੇਤਰਾਂ ਵਿੱਚ ਨੀਤੀਆਂ ਦੀ ਘਾਟ ਕਾਰਨ ਗੁਰੂਘਰ ਦੇਪ੍ਰਬੰਧ ਦੀ ਉੱਚ ਪਾਏ ਦੀ ਯੋਗਤਾ ਤੇ ਸ਼ੱਕ ਪੈਦਾ ਹੋ ਸਕਦਾ ਹੈ ਅਤੇ ਪ੍ਰਬੰਧ ਨੂੰ ਕਨੂੰਨੀ ਅਤੇ ਆਰਥਿਕ ਨੁਕਸਾਨ ਦਾ ਸਾਹਮਣਾਂ ਕਰਨਾ ਪੈ ਸਕਦਾ ਹੈ।

### ਕਮੇਟੀਦਾ ਐਕਸ਼ਨ ਪਲਾਨ:

ਕਮੇਟੀ ਨੂੰ ਗੁਰਦੁਆਰੇ ਦੇ ਸਾਰੇ ਪ੍ਰਮੁੱਖ ਖੇਤਰਾਂ ਵਿੱਚ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਇੱਕ ਸੂਚੀ ਦਸਤਾਵੇਜ਼ ਬਣਾਉਣ ਦੀ ਲੋੜ ਹੈ।

### ਨੀਤੀ ਸਬੰਧੀ ਮੁਲੰਕਣ:

**ਸਤੰਬਰ 2024 ਦਾ ਅਪਡੇਟ-**

ਫਰਵਰੀ 2024 ਤੋਂ ਬਾਅਦ ਸੁਰੱਖਿਆ ਦੇ ਸਬੰਧ ਵਿੱਚ ਕੁਝ ਕਾਰਜ ਕੀਤੇ ਗਏ ਹਨ। ਸੁਰੱਖਿਆ ਸਬੰਧੀ ਨੀਤੀ ਬਣਾਈ ਗਈ ਹੈ, ਰਿਪੋਰਟਿੰਗ ਨੀਤੀ ਬਣਾਈ ਗਈ ਹੈ, ਗੁਰੂਘਰ ਨਾਲ ਸਬੰਧਤ ਸੰਸਥਾਵਾਂ ਦੇ ਸੁਰੱਖਿਆ ਸਬੰਧੀ ਨਿਯਮ ਬਣਾਏ ਗਏ ਹਨ।

ਇਸਦੇ ਨਾਲ ਹੀ ਸਬੰਧਤ ਸੰਸਥਾਵਾਂ ਦੇ ਸਾਰੇ ਪਰੋਗਰਾਮ ਜਿਹੜੇ ਗੁਰੂਘਰ ਵਿੱਚ ਹੋਣਗੇ ਉਨ੍ਹਾਂ ਨੂੰ ਸੁਰੱਖਿਆ ਕਵਚ ਵਿੱਚ ਸ਼ਾਮਲ ਕੀਤਅ ਗਿਆ ਹੈ। ਕਿਸੇ ਵੀ ਪਰੋਗਰਾਮ ਬਾਰੇ ਜਨਰਲ ਸੈਕਟਰੀ ਪਹਿਲਾਂ ਜਾਣਕਾਰੀ ਲੈਣਗੇ ਅਤੇ ਹਰ ਪੱਖ ਸੋਚਣ ਤੋਂ ਬਾਅਦ ਹੀ ਪਰਵਾਨਗੀ ਦਿੱਤੀ ਜਾਵੇਗੀ।

ਜੇ ਭਵਿੱਖ ਵਿੱਚ ਕਿਸੇ ਹੋਰ ਨੀਤੀ ਦੀ ਲੋੜ ਪਈ ਤਾਂ ਕਮੇਟੀ ਉਹ ਵੀ ਵਿਚਾਰ ਵਿੱਚ ਲਿਆਵੇਗੀ।

**ਸਿੱਟਾ-** **ਕਾਰਜ ਸਿਰੇ ਚੜ੍ਹ ਗਿਆ ਹੈ ਜੀ।**

# ਮੁੱਦੇ ਦਾ ਵੇਰਵਾ

ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਕਮੇਟੀ ਦੇ ਮੈਂਬਰਾਂ ਨੂੰ ਸੌਂਪੇ ਜਾਣ ਦੀ ਜ਼ਰੂਰਤ ਹੈ ਜੋ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਏਮਬੇਡ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੇ ਕਿ ਉਹ ਅਪਡੇਟ ਕਰਨ।

**ਸਤੰਬਰ 2024 ਦਾ ਅਪਡੇਟ-**

ਫਰਵਰੀ 2024 ਦੀ ਰਿਪੋਰਟ ਤੋਂ ਬਾਅਦ ਇੱਕ ਸੁਰੱਖਿਆ ਸਬੰਧੀ ਸਲਾਹਕਾਰ ਨਿਯੁਕਤ ਹੋਇਆ ਹੈ ਜੋ ਸਾਰੀਆਂ ਸੁਰੱਖਿਆ ਲੋੜਾਂ ਦੀ ਦੇਖਰੇਖ ਕਰੇਗਾ।

ਫਰਵਰੀ 2024 ਦੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਸਾਰੀਆਂ ਨੀਤੀਆਂ ਲਾਗੂ ਕਰਨ ਲਈ ਜਿੰਮੇਵਾਰੀਆਂ ਕਮੇਟੀਆਂ ਅਤੇ ਸਬ ਕਮੇਟੀਆਂ ਨੂੰ ਸੌਂਪ ਦਿੱਤੀਆਂ ਗਈਆਂ ਹਨ।

ਨੀਤੀਆਂ ਦੇ ਮੁਲੰਕਣ ਸਬੰਧੀ ਜਾਣਕਾਰੀ ਵੀ ਜਲਦ ਅਪਡੇਟ ਕਰ ਦਿੱਤੀ ਜਾਵੇਗੀ।

**ਸਿੱਟਾ**- **ਕਾਰਜ ਜਾਰੀ ਹੈ ਜੀ।**

ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਇਹਨਾਂ ਦੁਆਰਾ ਏਮਬੇਡ ਕਰਨ ਦੀ ਲੋੜ ਹੈ:

- ਕਰਮਚਾਰੀਆਂ ਅਤੇ ਪ੍ਰਤੀਬੱਧ ਵਲੰਟੀਅਰਾਂ ਲਈ ਚੱਲ ਰਹੇ ਲਾਜ਼ਮੀ ਸਿਖਲਾਈ ਦੇ ਦਿਨ;
- ਸੰਗਤ ਲਈ ਵਰਕਸ਼ਾਪ ਦੇ ਦਿਨ; ਅਤੇ,
- ਗੁਰਦੁਆਰੇ ਦੀ ਵੈੱਬਸਾਈਟ 'ਤੇ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਾਂਝਾ ਕਰਨਾ

**ਸਤੰਬਰ 2024 ਦਾ ਅਪਡੇਟ-**

ਸੁਰੱਖਿਆ ਸਬੰਧੀ ਨਿਯੁਕਤ ਹੋਏ ਸਲਾਹਕਾਰ ਸਾਰੀਆਂ ਸੁਰੱਖਿਆ ਨੀਤੀਆਂ ਨੂੰ ਲਾਗੂ ਕਰਨ ਲਈ ਯਤਨ ਕਰ ਰਹੇ ਹਨ। ਇਨ੍ਹਾਂ ਵਿੱਚ ਵੱਖ ਵੱਖ ਟਰੇਨਿੰਗਾਂ ਸ਼ਾਮਲ ਹਨ। ਜਿੱਥੇ ਲੋੜੀਂਦਾ ਹੋਇਆ ਇਹ ਸਲਾਹਕਾਰ ਐਮਰਜੰਸੀ ਟਰੇਨਿੰਗ ਦਾ ਵੀ ਪਰਬੰਧ ਕਰਨਗੇ।

ਕਮੇਟੀ ਸਟਾਫ ਨੂੰ ਲੋੜੀਂਦੀ ਟਰੇਨਿੰਗ ਦੇਣ ਦੀ ਕਾਰਵਾਈ ਕਰ ਰਹੀ ਹੈ।

**ਸਿੱਟਾ**- **ਕਾਰਜ ਜਾਰੀ ਹੈ ਜੀ।**

## 4. ਫਰਜ ਅਤੇ ਜਿੰਮੇਵਾਰੀਆਂ

### ਪਿੱਠਭੂਮੀ:

ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਕੋਈ ਅਜਿਹਾ ਵਿਸ਼ਲੇਸ਼ਣ ਨਹੀ ਦਰਸਾਇਆ ਗਿਆ ਜੋ ਪ੍ਰਬੰਧ ਦੀਆਂ ਲੋੜਾਂ ਅਨੁਸਾਰ ਪੱਕੇ ਮੁਲਾਜਮਾਂ ਦੀ ਭਰਤੀ ਕਰਨ, ਵਾਧੂ ਮੁਲਾਜਮ ਰੱਖਣ, ਪ੍ਰਤੀਬੱਧ ਸੇਵਾਦਾਰਾਂ ਦੀਆਂ ਸੇਵਾਵਾਂ ਲੈਣ ਅਤੇ ਬਾਹਰੀ ਠੇਕੇਦਾਰਾਂ ਦੀ ਸੇਵਾ ਲੈਣ ਸਬੰਧੀ ਹੋਵੇ। ਇਸ ਨਾਲ ਬਹੁਤ ਸਾਰੇ ਕਾਰਜ ਸਿਰੇ ਚਾੜ੍ਹਨ ਲਈ ਸੰਗਤ ਦੀਆਂ ਸੇਵਾਵਾਂ ਤੇ ਹੀ ਨਿਰਭਰਤਾ ਰੱਖੀ ਗਈ।

ਖਾਸਕਰਕੇ ਉਹ ਕੰਮ ਜਿਨ੍ਹਾਂ ਲਈ ਫੁੱਲ ਟਾਈਮ ਤਨਖਾਹਦਾਰ ਮੁਲਾਜਮਭਰਤੀ ਕਰਨ ਸਬੰਧੀ ਹੋਵੇ:

- **ਫੈਸੀਲਿਟੀ ਮੈਨੇਜਰ:** ਇਸ ਵੇਲੇ ਗੁਰੂਘਰ ਵੱਲੋਂ ਪਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਅਤੇ ਗੁਰੂ ਘਰ ਦੇ ਸਾਜੋਸਮਾਨ ਦੀ ਦੇਖਭਾਲ ਲਈ ਕੋਈ ਵੀ ਜਿੰਮੇਵਾਰ ਅਧਿਕਾਰੀ ਨਹੀ ਹੈ। ਹਾਲ ਦੀ ਘੜੀ ਗੁਰੂਘਰ ਕਿਸੇ ਹੈਂਡੀਮੈਨ ਦੀਆਂ ਸੇਵਾਵਾਂ ਲੈਕੇ ਹੀ ਕੌਮ ਚਲਾ ਰਿਹਾ ਹੈ ਪਰ ਜਦੋਂ ਗੁਰੂਘਰ ਦੇ ਸਾਜੋਸਮਾਨ ਲਈ ਕੋਈ ਵੱਡੀ ਰਿਪੇਅਰ ਦੀ ਲੋੜ ਹੁੰਦੀ ਹੈ ਤਾਂ ਹੀ ਠੇਕੇਦਾਰਾਂ ਨੂੰ ਬੁਲਾਇਆ ਜਾਂਦਾ ਹੈ। ਹਲਾਂਕਿ ਜਦੋਂ ਕੋਈ ਸਮੱਸਿਆ ਸ਼ੁਰੂ ਹੁੰਦੀ ਹੈ ਜੇ ਉਸ ਵੇਲੇ ਹੀ ਸਬੰਧਤ ਅਧਿਕਾਰੀ ਵੱਲੋਂ ਠੀਕ ਕਰਵਾ ਲਈ ਜਾਵੇ ਤਾਂ ਠਕਿ ਰਹੇਗਾ। ਜਦੋਂ ਸਾਜੋਸਮਾਨ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ ਉਦੋਂ ਹੀ ਰਿਪੇਅਰ ਕਰਵਾਇਰੀ ਜਾਂਦੀ ਹੈ। ਪਿਸ਼ਾਬਘਰਾਂ ਵਿੱਚ ਲੀਕ ਕਰਦੀਆਂ ਪਾਈਪਾਂ ਜੇ ਵਕਤ ਸਿਰ ਠੀਕ ਹੋ ਜਾਣ ਤਾਂ ਵੱਡੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ। ਕੋਈ ਜਿੰਮੇਵਾਰ ਫੈਸਿਲਿਟੀ ਮੈਨੇਜਰ ਨਾ ਹੋਣ ਕਾਰਨ ਨੁਕਸਾਨ ਹੋ ਰਿਹਾ ਹੈ।

- **ਸਫਾਈ ਕਰਮਚਾਰੀ:** ਇਸ ਵੇਲੇ ਬਹੁਤ ਘੱਟ-ਗਿਣਤੀ ਵਿੱਚ ਸਫਾਈ ਕਰਮਚਾਰੀ ਪ੍ਰਬੰਧ ਕੋਲ ਹਨ। ਜਿਸ ਕਾਰਨ ਸਫਾਈ ਦੇ ਕਾਰਜਾਂ ਵਿੱਚ ਅੜਿੱਕਾ ਆ ਰਿਹਾ ਹੈ ਅਤੇ ਸਫਾਈ ਲਈ ਸੰਗਤ ਦੀ ਸਹਾਇਤਾ ਤੇ ਨਿਰਭਰ ਹੋਣਾਂ ਪੈ ਰਿਹਾ ਹੈ।

| ਕਮੇਟੀ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਕਮੇਟੀ ਨੂੰ ਸਾਰੇ ਮੁੱਖ ਸੰਚਾਲਨ ਕਾਰਜਾਂ ਨੂੰ ਲਿਖਣ ਦੀ ਲੋੜ ਹੈ ਜਿਨ੍ਹਾਂ ਲਈ ਪੱਕੇ ਸਟਾਫ ਅਤੇ/ਜਾਂ ਪ੍ਰਤੀਬੱਧ ਵਲੰਟੀਅਰਾਂ ਦੀ ਲੋੜ ਹੁੰਦੀ ਹੈ। ਇਹ ਉਹਨਾਂ ਖੇਤਰਾਂ ਨੂੰ ਸਮਝਣ ਲਈ ਮੌਜੂਦਾ ਨਿਯੋਜਿਤ ਸਟਾਫ ਦੇ ਨਾਲ ਇੱਕ ਸਹਿਯੋਗੀ ਪ੍ਰਕਿਰਿਆ ਹੋਣ ਦੀ ਜ਼ਰੂਰਤ ਹੈ ਜਿਨ੍ਹਾਂ ਲਈ ਵਾਧੂ ਸਰੋਤਾਂ ਦੀ ਲੋੜ ਹੋ ਸਕਦੀ ਹੈ। | **ਸਤੰਬਰ 2024 ਦਾ ਅਪਡੇਟ-**<br><br>ਫਰਵਰੀ 2024 ਤੋਂ ਬਾਅਦ ਹੇਠ ਲਿਖੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ-<br><br>• ਸੁਰੱਖਿਆ ਸਬੰਧੀ ਟੀਮ ਲੀਡਰ ਦ ਨਿਯੁਕਤੀ ਹੋਈ ਹੈ।<br>• ਇਸੇ ਤਰ੍ਹਾਂ ਤਕਨੀਕ ਅਤੇ ਮਾਰਕੀਟਿੰਗ ਲੀਡ ਨਿਯੁਕਤ ਹੋਏ ਹਨ।<br>• ਵੱਖ ਵੱਖ ਕਾਰਜਾਂ ਦੀ ਦੇਖਰੇਖ ਲਈ ਪਰਜੈਕਟ ਮੈਨੇਜਰ ਲਗਾਇਆ ਗਿਆ ਹੈ।<br>• ਲੰਗਰ ਹਾਲ ਵਿੱਚ ਸੁਧਾਰ ਕੀਤੇ ਗਏ ਹਨ।<br><br>ਕਮੇਟੀ ਹਰ ਕਿਸੇ ਨੂੰ ਉਨ੍ਹਾਂ ਦੀਆਂ ਜਿੰਮੇਵਾਰੀਆਂ ਬਾਰੇ ਜਾਣਕਾਰੀ ਦੇਣ ਦੀ ਪਰਕਿਰਿਆ ਕਰ ਰਹੀ ਹੈ। ਫਰਵਰੀ 2024 ਤੋਂ ਬਾਅਦ ਬੈਰਿਸਟਰ ਰਿਪੋਰਟ ਦੇ ਸਾਰੇ ਅੰਸ਼ ਲਾਗੂ ਕਰ ਦਿੱਤੇ ਗਏ ਹਨ।<br><br>**ਸਿੱਟਾ- ਕੰਮ ਜਾਰੀ ਹੈ।** |
| ਕਮੇਟੀ ਨੂੰ ਆਪਣੀ ਨੀਤੀ ਬਾਰੇ ਮੁੜ ਵਿਚਾਰ ਕਰਨਾ ਚਾਹੀਦਾ ਹੈ ਤਾਂ ਕਿ ਚੱਲ ਰਹੇ ਕਾਰਜਾਂ ਦੀ ਦੇਖਭਾਲ ਸਹੀ ਹੋ ਸਕੇ। ਜਿੱਥੇ ਪੱਕੇ ਮੁਲਾਜਮਾਂ ਦੀ ਭਰਤੀ ਦੀ ਲੋੜ ਹੈ। | **ਸਤੰਬਰ 2024 ਦਾ ਅਪਡੇਟ-**<br><br>**ਸਿੱਟਾ- ਕਾਰਜ ਨੇਪਰੇ ਚੜ੍ਹ ਗਿਆ ਹੈ ਜੀ।**<br><br>ਫਰਵਰੀ 2024 ਦੀ ਰਿਪੋਰਟ ਵਿੱਚ ਵਧੇਰੇ ਜਾਣਕਾਰੀ ਦਿੱਤੀ ਗਈ ਹੈ ਜੀ। |

ਪੱਕੇ ਸਟਾਫ ਦੀਆਂ ਡਿਊਟੀਆਂ ਅਤੇ ਜਿੰਮੇਵਾਰੀਆਂ ਸਪਸ਼ਟਤਾ ਨਾਲ ਤੈਅ ਕੀਤੀਆਂ ਜਾਣ। ਜਿੱਥੇ ਕਿਤੇ ਵੀ ਕਾਣਨਜ਼ਰ ਆਉਂਦੀ ਹੈ ਉਸ ਥਾਂ ਤੇ ਦੁਬਾਰਾ ਵਿਚਾਰ ਕਰਕੇ ਸਟਾਫ ਨੂੰ ਜਿੰਮੇਵਾਰੀ ਸਹੀ ਢੰਗ ਨਾਲ ਨਿਭਾਉਣ ਦੇ ਯੋਗ ਬਣਾਇਆ ਜਾਵੇ।

**ਸਤੰਬਰ 2024 ਦਾ ਅਪਡੇਟ-**

ਫਰਵਰੀ 2024 ਦੀ ਰਿਪੋਰਟ ਤੋਂ ਬਾਅਦ ਇੱਕ ਸੁਰੱਖਿਆ ਸਬੰਧੀ ਸਲਾਹਕਾਰ ਨਿਯੁਕਤ ਹੋਇਆ ਹੈ ਜੋ ਸਾਰੀਆਂ ਸੁਰੱਖਿਆ ਲੋੜਾਂ ਦੀ ਦੇਖਰੇਖ ਕਰੇਗਾ।

ਫਰਵਰੀ 2024 ਦੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਸਾਰੀਆਂ ਨੀਤੀਆਂ ਲਾਗੂ ਕਰਨ ਲਈ ਜਿੰਮੇਵਾਰੀਆਂ ਕਮੇਟੀਆਂ ਅਤੇ ਸਬ ਕਮੇਟੀਆਂ ਨੂੰ ਸੌਂਪ ਦਿੱਤੀਆਂ ਗਈਆਂ ਹਨ।
ਨੀਤੀਆਂ ਦੇ ਮੁਲੰਕਣ ਸਬੰਧੀ ਜਾਣਕਾਰੀ ਵੀ ਜਲਦ ਅਪਡੇਟ ਕਰ ਦਿੱਤੀ ਜਾਵੇਗੀ।

**ਸਿੱਟਾ**- **ਕਾਰਜ ਜਾਰੀ ਹੈ ਜੀ।**

# ਮੁੱਦੇ ਦਾ ਵੇਰਵਾ

## 5. ਮੁਲਾਜਮਾਂ ਸਬੰਧੀ ਨੀਤੀ

### ਪਿੱਠਭੂਮੀ:

ਪ੍ਰਬੰਧ ਅਧੀਨ ਕੰਮ ਕਰਦੇ ਪੱਕੇ ਮੁਲਾਜਮਾਂ ਅਤੇ ਵਲੰਟੀਅਰਾਂ ਦੀਆਂ ਜਿੰਮੇਵਾਰੀਆਂ ਸਬੰਧੀ ਕੋਈ ਅਜਿਹੀ ਰਿਪੋਰਟਿੰਗ ਲਾਈਨ ਹੋਂਦ ਵਿੱਚ ਨਹੀ ਆਈ ਜਿਸ ਨਾਲ ਉਨ੍ਹਾਂ ਦੇ ਕੰਮ ਦੀ ਗੁਣਵੱਤਾ ਨੂੰ ਦੇਖਿਆ-ਪਰਖਿਆ ਜਾਵੇ। ਇਸ ਸਬੰਧੀ ਕਿਸੇ ਜਿੰਮੇਵਾਰੀ ਦੇ ਨਾ ਹੋਣ ਕਾਰਨ ਮੁਲਾਜਮ ਆਪਣੀਆਂ ਜਿੰਮੇਵਾਰੀਆਂ ਤਨਦੇਹੀ ਨਾਲ ਨਹੀ ਨਿਭਾਅ ਰਹੇ।

ਇਸਦੇ ਨਾਲ ਹੀ ਸਾਰੇ ਸਟਾਫ ਅਤੇ ਖਾਸ ਕਰ ਬੱਚਿਆਂ ਨਾਲ ਕੰਮ ਕਰਦੇ ਸਟਾਫ ਦੀ ਪੁਲਿਸ ਰਿਪੋਰਟ ਬਾਰੇ ਕੋਈ ਪ੍ਰਬੰਧ ਨਹੀ ਹੈ। ਇਸ ਨਾਲ ਗੁਰੂਘਰ ਦੇ ਪ੍ਰਬੰਧ ਨੂੰ ਕਨੂੰਨੀ ਅਤੇ ਆਰਥਿਕ ਮੁਸ਼ਕਲਾਂ ਦਾ ਸਾਹਮਣਾਂ ਕਰਨਾ ਪੈ ਸਕਦਾ ਹੈ।

| ਕਮੇਟੀ ਦਾ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਗੁਰੂਘਰ ਦੇ ਪ੍ਰਬੰਧਕੀ ਢਾਂਚੇ ਨੂੰ ਸਟਰੈਟਜੀ ਅਤੇ ਗਵਰਨੈਂਸ ਢਾਂਚੇ ਅਧੀਨ ਨਵਿਆਉਂਣ ਦੀ ਲੋੜ ਹੈ। | **<u>ਸਤੰਬਰ 2024 ਦਾ ਅਪਡੇਟ-</u>**<br><br>**ਸਿੱਟਾ- ਕਾਰਜ ਨੇਪਰੇ ਚੜ੍ਹ ਗਿਆ ਹੈ ਜੀ।**<br><br>ਫਰਵਰੀ 2024 ਦੀ ਰਿਪੋਰਟ ਵਿੱਚ ਵਧੇਰੇ ਜਾਣਕਾਰੀ ਦਿੱਤੀ ਗਈ ਹੈ ਜੀ। |
| ਸਾਰੇ ਕਮੇਟੀ ਮੈਬਰਾਂ ਤੇ ਸੇਵਾਦਾਰਾਂ ਅਤੇ ਤਨਖਾਹਦਾਰ ਮੁਲਾਜਮਾਂ ਲਈ ਰਿਪੋਰਟਿੰਗ ਲਾਈਨ ਹੋਂਦ ਵਿੱਚ ਲਿਆਉਣੀ ਜਰੂਰੀ ਹੈ। | **<u>ਸਤੰਬਰ 2024 ਦਾ ਅਪਡੇਟ-</u>**<br><br>ਕਮੇਟੀ ਨੇ ਗੁਰੂਘਰ ਦੇ ਵੱਖ ਵੱਖ ਹਿੱਸਿਆਂ ਵਿੱਚ ਟਰਸਟੀਆਂ ਅਤੇ ਗੁਰੂਘਰ ਦੇ ਪਰਬੰਧਕਾਂ ਦੀ ਲਿਸਟ ਲਗਾ ਦਿੱਤੀ ਹੈ। ਵੈਬਸਾਈਟ ਉੱਤੇ ਵੀ ਇਹ ਲਿਸਟ ਅਪਡੇਟ ਕਰ ਦਿੱਤੀ ਗਈ ਹੈ। ਸਟਾਫ ਦੀ ਕਮੀ ਕਾਰਨ ਇਸਨੂੰ ਹਰ ਥਾਂ ਤੇ ਨਹੀ ਲਗਾਇਆ ਜਾ ਸਕਦਾ। ਗੁਰੂਘਰ ਦੇ ਲੰਗਰ ਹਾਲ ਅਤੇ ਪਾਰਕਿੰਗ ਵਿੱਚ ਇਹ ਲਿਸਟ ਲਗਾਈ ਗਈ ਹੈ।<br><br>**ਸਿੱਟਾ- ਕਾਰਜ ਸਿਰੇ ਚੜ੍ਹ ਗਿਆ ਹੈ ਜੀ** |
| ਕਮੇਟੀ ਨੂੰ ਅਜਿਹੇ ਪ੍ਰਤੀਬੱਧ ਸੇਵਾਦਾਰਾਂ ਦੀ ਲਿਸਟ ਬਣਾਉਣੀ ਚਾਹੀਦੀ ਹੈ ਜੋ ਰੋਜ਼ਾਨਾ ਸੇਵਾ ਕਰ ਸਕਦੇ ਹਨ। | **ਸਿੱਟਾ- ਕਾਰਜ ਜਾਰੀ ਹੈ ਜੀ।**<br><br>ਜਿਆਦਾ ਜਾਣਕਾਰੀ ਫਰਵਰੀ 2024 ਦੀ ਰਿਪੋਰਟ ਵਿੱਚ ਦੇਖੀ ਜਾ ਸਕਦੀ ਹੈ ਜੀ। |
| ਸਾਰੇ ਮੁਲਾਜਮਾਂ ਅਤੇ ਵਲੰਟੀਅਰਾਂ ਦੇ ਡੀ.ਬੀ.ਐਸ. ਚੈਕ ਕਰਵਾਏ ਜਾਣੇ ਚਾਹੀਦੇ ਹਨ ਅਤੇ ਇਹ ਸਮੇਂ ਸਮੇਂਤੇ ਅਪਡੇਟ ਕੀਤੇ ਜਾਣੇ ਚਾਹੀਦੇ ਹਨ। | **<u>ਸਤੰਬਰ 2024 ਦਾ ਅਪਡੇਟ-</u>**<br><br>ਇਹ ਕਾਰਵਾਈ ਫਰਵਰੀ 2024 ਵਿੱਚ ਹੀ ਸੰਪੂਰਨ ਹੋ ਗਈ ਸੀ। ਹੁਣ ਸੁਰੱਖਿਆ ਸਬੰਧੀ ਸਲਾਹਕਾਰ ਸਾਰੇ ਸਟਾਫ ਦੇ ਡੀ ਬੀ ਐਸ ਚੈਕ ਲਈ ਜਿੰਮੇਵਾਰ ਹੋਵੇਗਾ। ਮੁਲਾਜਮਾਂ ਦੇ ਨਾਲ ਨਾਲ ਬੱਚਿਆਂ ਨਾਲ ਕੰਮ ਕਰਨ ਵਾਲੇ ਵਲੰਟੀਅਰਾਂ ਦਾ ਚੈਕ ਵੀ ਇਹੋ ਸੁਰੱਖਿਆ ਸਲਾਹਕਾਰ ਕਰੇਗਾ।<br>ਜਿਨ੍ਹਾਂ ਦਾ ਡੀ ਬੀ ਐਸ ਚੈਕ ਲੋੜੀਂਦਾ ਹੈ ਉਸਦਾ ਤਰੀਕਾਕਾਰ ਅਸਾਨ ਕੀਤਾ ਜਾਵੇਗਾ।<br><br>**ਸਿੱਟਾ- ਕਾਰਜ ਮੁਕੰਮਲ ਹੋ ਗਿਆ ਹੈ ਜੀ।** |

ਸਾਰੇ ਮੁਲਾਜਮਾਂ ਅਤੇ ਵਲੰਟੀਅਰਾਂ ਦੀ ਸਮੇਂ ਸਮੇਂ ਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ ਤਾਂ ਕਿ ਇਹ ਦੇਖਿਆ ਜਾਵੇ ਕਿ ਜਿਹੜਾ ਕੰਮ ਉਹ ਕਰ ਰਹੇ ਹਨ, ਉਸਨੂੰ ਕਰਨ ਦੀ ਕਾਬਲੀਅਤ ਵੀ ਰੱਖਦੇ ਹਨ ਜਾਂ ਨਹੀ। ਜਿੱਥੇ ਜਰੂਰੀ ਹੋਵੇ ਉਨ੍ਹਾਂ ਦੇ ਨਿੱਜੀ ਵਿਕਾਸ ਦੀ ਟਰੇਨਿੰਗ ਉਨ੍ਹਾਂ ਨੂੰ ਦਿੱਤੀ ਜਾਵੇ। ਜੇ ਮੁਲਾਜਮਾਂ ਅਤੇ ਵਲੰਟੀਅਰਾਂ ਦੇ ਕੰਮ ਸਬੰਧੀ ਕੋਈ ਸ਼ਿਕਾਇਤ ਹੈ ਤਾਂ ਉਹ ਸਬੰਧਿਤ ਸਬ-ਕਮੇਟੀ ਨੂੰ ਦੱਸੀ ਜਾਵੇ।

**ਸਤੰਬਰ 2024 ਦਾ ਅਪਡੇਟ-**

ਇਸ ਸਬੰਧ ਵਿੱਚ ਹਾਲੇ ਕੋਈ ਬਹੁਤਾ ਕਾਰਜ ਅੱਗੇ ਨਹੀ ਵਧਿਆ।

ਕਮੇਟੀ ਨੇ ਮੁਲਾਜਮਾਂ ਦੇ ਕੰਮਕਾਜ ਸਬੰਧੀ ਜਨਰਲ ਸੈਕਟਰੀ ਦੀ ਅਗਵਾਈ ਹੇਠ ਕਾਰਜ ਸ਼ੁਰੂ ਕੀਤਾ ਹੈ ਜੋ ਗੁਰੂਘਰ ਦੇ ਮੁਲਾਜਮਾਂ ਦੇ ਕੰਮਕਾਜ ਦਾ ਮੁਲੰਕਣ ਕਰੇਗਾ। ਜਿਉਂ ਹੀ ਮੁਢਲਾ ਨਿਰੀਖਣ ਹੋ ਗਿਆ ਤਾਂ ਕਮੇਟੀ ਇਹ ਸੋਚੇਗੀ ਕਿ ਕੀ ਵਰਤਮਾਨ ਮੁਲਾਜਮ ਗੁਰੂਘਰ ਦੇ ਰੋਜ਼ਮਰਾ ਦੇ ਕਾਰਜਾਂ ਲਈ ਠਕਿ ਹਨ। ਕਾਰਜ ਚੱਲ ਰਿਹਾ ਹੈ ਜੀ।

**ਸਿੱਟਾ- ਕੰਮ ਜਾਰੀ ਹੈ ਜੀ।**

# ਮੁੱਦੇ ਦਾ ਵੇਰਵਾ

## 6. ਗੁਰੂਘਰ ਨਾਲ ਸਬੰਧਤ ਸੰਸਥਾਵਾਂ ਬਾਰੇ

### ਪਿੱਠਭੂਮੀ:

ਗੁਰੂਘਰ ਨਾਲ ਸਬੰਧਿਤ ਸੰਸਥਾਵਾਂ ਜਿਵੇਂ ਕਿ ਸਪੋਰਟਸ ਕਲੱਬ, ਸ਼ੋਸ਼ਲ ਕਲੱਬ, ਐਜੂਕੇਸ਼ਨਲ ਗਰੁੱਪ, ਚੈਰਿਟੀਆਂ ਅਤੇ ਗਰੁੱਪਾਂ ਦੇ ਕੰਮਕਾਜ ਸਬੰਧੀ ਕੋਈ ਨਜ਼ਰਸਾਨੀ ਨਹੀ ਕੀਤੀ ਜਾਂਦੀ।

ਇਸ ਸਬੰਧੀ ਕੋਈ ਨੀਤੀ ਨਾ ਹੋਣ ਕਾਰਨ ਇਹ ਖਤਰਾ ਹੋ ਸਕਦਾ ਹੈ ਕਿ ਗੁਰਦੁਆਰਾ ਉਨ੍ਹਾਂ ਲੋਕਾਂ ਨਾਲ ਸਬੰਧ ਰੱਖ ਰਿਹਾ ਹੈ ਜੋ ਗੁਰਦੁਆਰੇ ਦੀਆਂ ਨੀਤੀਆਂ ਦਾ ਪਾਲਣ ਨਹੀ ਕਰਦੇ। ਜਿਵੇਂ ਕਿ ਡੀ.ਬੀ.ਐਸ. ਚੈਕ, ਹੈਲਥ-ਸੇਫਟੀ ਚੈਕ ਅਤੇ ਗੈਰ-ਸਿੱਖ ਕਾਰਵਾਈਆਂ। ਇਸ ਨਾਲ ਗੁਰਦੁਆਰਾ ਸਾਹਿਬ ਦੇ ਅਕਸ ਨੂੰ ਧੱਬਾ ਲੱਗ ਸਕਦਾ ਹੈ ਅਤੇ ਗੁਰਦੁਆਰਾ ਸਾਹਿਬ ਲਈ ਕਨੂੰਨੀ ਅਤੇ ਆਰਥਿਕ ਚੁਣੌਤੀ ਪੇਸ਼ ਆ ਸਕਦੀ ਹੈ।

### ਕਮੇਟੀ ਐਕਸ਼ਨ ਪਲਾਨ:

ਗੁਰੂਘਰ ਦੇ ਕੰਪਲੈਕਸ ਵਿੱਚ ਕਾਰਜ ਕਰ ਰਹੀਆਂ ਸਾਰੀਆਂ ਸੰਸਥਾਵਾਂ ਦੀ ਇੱਕ ਲਿਸਟ ਤਿਆਰ ਕੀਤੀ ਜਾਵੇ ਤਾਂ ਕਿ ਕੋਈ ਗਲਤੀ ਨਾ ਹੋਵੇ ਅਤੇ ਉਨ੍ਹਾਂ ਸੰਸਥਾਵਾਂ ਦਾ ਕਾਰਜ ਵੀ ਸਹੀ ਚਲਦਾ ਰਹੇ।

ਜਿਹੜੀਆਂ ਸੰਸਥਾਵਾਂ ਗੁਰੂਘਰ ਨਾਲ ਮਿਲਕੇ ਕੰਮ ਕਰਦੀਆਂ ਹਨ ਉਨ੍ਹਾਂ ਨਾਲ ਕੋਈ ਦਸਤਾਵੇਜ਼ਾਂ ਤੇ ਦਸਤਖਤ ਕੀਤੇ ਜਾਣ ਤਾਂ ਕਿ ਉਹ ਗੁਰੂਘਰ ਦੀਆਂ ਨੀਤੀਆਂ ਦੇ ਹਿਸਾਬ ਨਾਲ ਕੰਮ ਕਰਨ।

ਕਮੇਟੀ ਮੈਂਬਰਾਂ ਅਤੇ ਪ੍ਰਤੀਬੱਧ ਵਲੰਟੀਅਰਾਂ ਨੂੰ ਇਹ ਜਿੰਮੇਵਾਰੀ ਦਿਓ ਕਿ ਉਹ ਇਨ੍ਹਾਂ ਸੰਸਥਾਵਾਂ ਦੀਆਂ ਸਰਗਰਮੀਆਂ ਦਾ ਸਮੇਂ ਸਮੇਂਤੇ ਮੁਲੰਕਣ ਕਰਦੇ ਰਹਿਣ ਤਾਂ ਕਿ ਉਹ ਗੁਰੂਘਰ ਦੀਆਂ ਨੀਤੀਆਂ ਦਾ ਪਾਲਣ ਕਰਦੇ ਹੋਏ ਕਾਰਜ ਕਰਨ।

ਨਿਯਮਤ ਅਧਾਰ 'ਤੇ ਸਹਿਯੋਗੀਆਂ ਦੀ ਨਿਗਰਾਨੀ ਕਰੋ ਇਹ ਯਕੀਨੀ ਬਣਾਉਣ ਲਈ ਕਿ ਉਹ ਉਮੀਦਾਂ ਦੇ ਅਨੁਸਾਰ ਕੰਮ ਕਰ ਰਹੇ ਹਨ।

### ਨੀਤੀ ਸਬੰਧੀ ਮੁਲੰਕਣ:

**ਸਤੰਬਰ 2024 ਦਾ ਅਪਡੇਟ-**

ਕਮੇਟੀ ਨੇ ਗੁਰੂਘਰ ਨਾਲ ਸਬੰਧਤ ਹੋਣ ਲਈ ਇੱਕ ਨੀਤੀ ਬਣਾਈ ਹੈ। ਇਸ ਸਬੰਧ ਵਿੱਚ ਗੁਰੂਘਰ ਨਾਲ ਸਬੰਧਤ ਸਾਰੀਆਂ ਸੰਸਥਾਵਾਂ ਨੂੰ ਹਰ ਸਾਲ ਕਮੇਟੀ ਨਾਲ ਸੰਪਰਕ ਕਰਕੇ ਰਿਪੋਰਟ ਦੇਣੀ ਹੋਵੇਗੀ। ਇਸ ਸਾਰੀ ਨੀਤੀ ਨੂੰ ਬੀ ਏ ਯੂ ਦੀਆਂ ਨੀਤੀਆਂ ਦਾ ਹਿੱਸਾ ਬਣਾ ਦਿੱਤਾ ਗਿਆ ਹੈ।

- ਵਾਧੂ ਸੁਰੱਖਿਆ ਦੇ ਆਸ਼ੇ ਅਨੁਸਾਰ ਸਾਰੀਆਂ ਸੰਸਥਾਵਾਂ ਦੇ ਪਰਬੰਧਕਾਂ ਨੂੰ ਸੁਰੱਖਿਆ ਸਬੰਧੀ ਕਾਗਜ਼ਾਂ ਤੇ ਦਸਤਖਤ ਕਰਨੇ ਪੈਣਗੇ।
- ਗੁਰੂਘਰ ਦੀ ਕਮੇਟੀ ਸਮੇਂ ਸਮੇਂ ਤੇ ਇਹ ਚੈਕ ਕਰੇਗੀ ਕਿ ਸਾਰੀਆਂ ਸੰਸਥਾਵਾਂ ਸੁਰੱਖਿਆ ਸਬੰਧੀ ਨੀਤੀਆਂ ਦੀ ਸਹੀ ਪਾਲਣਾਂ ਕਰ ਰਹੀਆਂ ਹਨ।

**ਸਿੱਟਾ-** ਕਾਰਜ ਸਿਰੇ ਚੜ੍ਹ ਗਿਆ ਹੈ ਜੀ।

# ਮੁੱਦੇ ਦਾ ਵੇਰਵਾ

## 7. ਫਾਇਨਾਂਸ ਅਤੇ ਕੈਸ਼ ਮੈਨੇਜਮੈਂਟ

### ਪਿੱਠਭੂਮੀ:

ਹਾਲਦੀ ਘੜੀ ਕੋਈ ਅਜਿਹੀ ਫਾਇਨਾਂਸ ਦੀ ਨਜ਼ਰਸਾਨੀ ਲਈ ਨੀਤੀ ਨਹੀ ਹੈ ਜੋ ਇੱਕ ਖਾਸ ਸਮੇਂ ਤੋਂ ਬਾਅਦ ਕੀਤੇ ਗਏ ਖਰਚਿਆਂ ਬਾਰੇ ਕੋਈ ਰਿਵਿਊ ਕਰ ਸਕੇ। ਇਸੇ ਕਰਕੇ ਇਹ ਸੰਭਵ ਨਹੀ ਕਿ ਇਹ ਦੇਖਿਆ ਜਾਵੇ ਕਿ ਗੁਰੂਘਰ ਦਾ ਪੈਸਾ ਅਸਲ ਨਿਸ਼ਾਨਿਆਂ ਲਈ ਖਰਚਿਆ ਗਿਆ ਹੈ।

ਇਸਦੇ ਨਾਲ ਹੀ ਗੁਰਦੁਆਰਾ ਸਾਹਿਬ ਦੇ ਕੈਸ਼ ਨੂੰ ਸਹੀ ਢੰਗ ਨਾਲ ਮੈਨੇਜ ਕਰਨ ਲਈ ਕੋਈ ਨੀਤੀ ਹੋਣੀ ਚਾਹੀਦੀ ਹੈ:

- ਹਾਲਦੀ ਘੜੀ ਕੋਈ ਬਜਟ ਨੀਤੀ ਨਹੀ ਹੈ ਕਿ ਸਾਲ ਵਿੱਚ ਕਿੰਨਾ ਬਜਟ ਕਿੱਥੇ ਕਿੱਥੇ ਖਰਚਿਆ ਜਾਣਾਂ ਹੈ।
- ਖਜਾਨਚੀ ਸਾਰੇ ਕੈਸ਼ ਦੇ ਖਰਚ ਸਬੰਧੀ ਕੋਈ ਨਜ਼ਰਸਾਨੀ ਨਹੀ ਕਰ ਰਹੇ। ਜਿਸ ਦੇ ਨਤੀਜੇ ਵੱਜੋਂ ਇਹ ਖਤਰਾ ਹੈ ਕਿ ਗੁਰੂਘਰ ਦੇ ਆਰਥਕ ਵਸੀਲਿਆਂ ਦੀ ਦੁਰਵਰਤੋਂ ਹੋ ਸਕਦੀ ਹੈ।
- ਕੋਈ ਅਜਿਹਾ ਸਿਸਟਮ ਨਹੀ ਬਣਿਆ ਜੋ ਗੋਲਕ ਤੋਂ ਬਿਨਾ ਆਉਂਦੀ ਕੈਸ਼ ਪੇਮੈਂਟ ਦਾ ਸਹੀ ਹਿਸਾਬ ਰੱਖ ਸਕੇ। ਗੋਲਕ ਤੋਂ ਬਿਨਾ ਆਈ ਮਾਇਆ ਲਈ ਹੱਥ ਲਿਖਤ ਰਸੀਦਾਂ ਕੱਟ ਦਿੱਤੀਆਂ ਜਾਂਦੀਆਂ ਹਨ। ਆਡਿਟ ਵਿੱਚ ਇਸ ਤਰ੍ਹਾਂ ਦੀਆਂ ਕਾਫੀ ਖਾਮੀਆਂ ਸਾਹਮਣੇ ਆਈਆਂ ਹਨ ਜੋ ਠਕਿ ਕੀਤਆ ਜਾਣੀਆਂ ਚਾਹੀਦੀਆਂ ਹਨ।

ਆਡਿਟ ਦੌਰਾਨ ਅਤਿਰਿਕਤ ਮੁੱਦਿਆਂ ਨੂੰ ਨੋਟ ਕੀਤਾ ਗਿਆ ਸੀ, ਹਾਲਾਂਕਿ ਸੁਰੱਖਿਆ ਚਿੰਤਾਵਾਂ ਦੇ ਕਾਰਨ ਮੁੱਦਿਆਂ ਨੂੰ ਸਪਸ਼ਟ ਤੌਰ 'ਤੇ ਦਸਤਾਵੇਜ਼ੀ ਰੂਪ ਵਿੱਚ ਦਰਜ ਨਹੀਂ ਕੀਤਾ ਗਿਆ ਸੀ, ਇਸ ਦੀ ਬਜਾਏ ਉਹਨਾਂ ਨੂੰ ਜ਼ੁਬਾਨੀ ਤੌਰ 'ਤੇ ਸਾਂਝਾ ਕੀਤਾ ਗਿਆ ਸੀ ਅਤੇ ਕਮੇਟੀ ਨਾਲ ਚਰਚਾ ਕੀਤੀ ਗਈ ਸੀ।

| ਕਮੇਟੀ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਖਜਾਨਚੀ ਨੂੰ ਚਾਹੀਦਾ ਹੈ ਕਿ ਗੁਰਦੁਆਰਾ ਕਮੇਟੀ ਦੀਆਂ ਨੀਤੀਆਂ ਅਤੇ ਨਿਸ਼ਾਨਿਆਂ ਦੇ ਸੰਦਰਭ ਵਿੱਚ ਅਜਿਹੀ ਆਰਥਕ ਨੀਤੀ ਬਣਾਈ ਜਾਵੇ ਜੋ ਇੱਕ ਖਾਸ ਸਮੇਂ ਬਾਅਦ ਕੈਸ਼ ਦਾ ਰਿਵਿਊ ਕਰ ਸਕੇ।<br><br>ਗੁਰੂਘਰ ਤੋਂ ਬੈਂਕ ਤੱਕ ਕੈਸ਼ ਸੁਰੱਖਿਅਤ ਲਿਜਾਣ ਲਈ ਸਹੀ ਪ੍ਰਬੰਧ ਕੀਤੇ ਜਾਣ<br><br>ਜਿੱਥੇ ਸੰਭਵ ਹੋਵੇ ਕਮੇਟੀ ਗੋਲਕ ਤੋਂ ਬਿਨਾ ਸਾਰੀਆਂ ਲੈਣਦਾਰੀਆਂ ਕੈਸ਼ਲੈਸ ਕਰਨ ਦਾ ਯਤਨਕਰੇ।<br><br>ਸਾਰੀਆਂ ਰਸੀਦਾਂ ਇਲੈਕਟ੍ਰਾਨਿਕ ਤੌਰ 'ਤੇ ਲੌਗ ਕੀਤੀਆਂ ਜਾਣ ਅਤੇ ਤਿਆਰ ਕੀਤੀਆਂ ਜਾਣ। | ਜਿਆਦਾ ਜਾਣਕਾਰੀ ਸਤੰਬਰ 2023 ਦੀ ਰਿਪੋਰਟ ਵਿੱਚ ਹੈ ਜੀ।<br><br>**ਸਿੱਟਾ**- **ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।** |

## 8. ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਦੀ ਵਰਤੋਂ ਬਾਰੇ

### ਪਿੱਠਭੂਮੀ:

ਗੁਰੂਘਰ ਦੀਆਂ ਸਾਰੀਆਂ ਸਹੂਲਤਾਂ ਦਾ ਰਿਵਿਊ ਹੋਣਾਂ ਚਾਹੀਦਾ ਹੈ ਤਾਂ ਕਿ ਸਾਰੀਆਂ ਸਹੂਲਤਾਂ ਸਿੱਖ ਸੰਗਤ ਦੀ ਯੋਗ ਵਰਤੋਂ ਲਈ ਹੋਣ। ਇਹ ਵੀ ਨਿਸਚਿਤ ਕੀਤਾ ਜਾਵੇ ਕਿ ਸਾਰੀਆਂ ਸਹੂਲਤਾਂ 21ਵੀਂ ਸਦੀ ਦੇ ਪੱਧਰ ਦੀਆਂ ਹੋਣ।

- ਹਾਲਦੀ ਘੜੀ ਛੋਟੇ ਬੱਚਿਆਂ ਨੂੰ ਦੁੱਧ ਚੰਘਾਉਣ ਲਈ ਮਾਵਾਂ ਲਈ ਕੋਈ ਪਰਾਈਵੇਟ ਥਾਂ ਨਹੀ ਹੈ।
- ਬੱਚਿਆਂ ਦੇ ਕੱਪੜੇ ਤਬਦੀਲ ਕਰਨ ਲਈ ਵੀ ਬਹੁਤੀਆਂ ਸਹੂਲਤਾਂ ਨਹੀ ਹਨ, ਸਿਰਫ ਬੀਬੀਆਂ ਦੇ ਟਾਇਲਟਾਂ ਵਾਲੇ ਪਾਸੇ ਹੀ ਹਨ।
- ਗੁਰੂਘਰ ਦੇ ਕੰਪਲੈਕਸ ਨੂੰ ਬਹੁਤ ਸਾਰੇ ਲੋਕਾਂ ਵੱਲੋਂ ਨਿੱਜੀ ਅਤੇ ਵਪਾਰ ਨੂੰ ਵਧਾਉਣ ਲਈ ਵੀ ਵਰਤਿਆ ਜਾ ਰਿਹਾ ਹੈ। ਇਹ ਗੁਰੂਘਰ ਦੀ ਨੀਤੀ ਦੇ ਅਨੁਕੂਲ ਨਹੀ ਹੈ।
- ਕੁਝ ਸਮਾਂ ਪਹਿਲਾਂ ਤੱਕ ਗੁਰੂਘਰ ਦੀ ਸਟੇਜ ਨੂੰ ਨਿੱਜੀ ਰਾਜਸੀ ਖਾਹਸ਼ਾਂ ਲਈ ਵਰਤਿਆ ਗਿਆ, ਜਿਵੇਂ ਬੋਰਿਸ ਜਾਨਸਨ ਦੀ ਚੋਣ ਸਭਾ ਲਈ ਜੋ ਕਿ ਗੁਰੂਘਰ ਦੀ ਨੀਤੀ ਦੇ ਅਨੁਕੂਲ ਨਹੀ ਹੈ।
- ਲਾਇਬਰੇਰੀ ਦੀ ਵਧੀਆ ਵਰਤੋਂ ਨਹੀ ਹੋ ਰਹੀ ਉਹ ਦੂਜੀ ਮੰਜਲ ਤੇ ਤਬਦੀਲ ਕਰ ਦਿੱਤੀ ਗਈ ਹੈ। ਲਾਇਬਰੇਰੀ ਦੀ ਮੈਨੇਜਮੈਂਟ ਲਈ ਕੋਈ ਪਰਬੰਧ ਨਹੀ ਹੈ।

ਨੋਟਿਸ ਬੋਰਡ ਸਮੇਂ ਸਿਰ ਅਪਡੇਟ ਨਹੀ ਹੁੰਦੇ। ਬਹੁਤੀ ਵਾਰ ਉਹ ਸਹੀ ਜਾਣਕਾਰੀ ਪਰਦਾਨ ਨਹੀ ਕਰਦੇ।

| ਕਮੇਟੀ ਐਕਸ਼ਨ ਪਲਾਨ: | ਨੀਤੀ ਸਬੰਧੀ ਮੁਲੰਕਣ: |
|---|---|
| ਕਮੇਟੀ ਨੂੰ ਚਾਹੀਦਾ ਹੈ ਕਿ ਉਹ ਸੰਗਤ ਨਾਲ ਲਗਾਤਾਰ ਰਾਬਤਾ ਰੱਖੇ ਤਾਂ ਕਿ ਗੁਰੂਘਰ ਨੂੰ ਹੋਰ ਸੁਚਾਰੂ ਰੂਪ ਵਿੱਚ ਚਲਾਉਣ ਅਤੇ ਊਣਤਾਈਆਂ ਨੂੰ ਦੂਰ ਕਰਨ ਲਈ ਇੱਕ ਚਗਾ ਮਹੌਲਬਣ ਸਕੇ। | **ਸਤੰਬਰ 2024 ਦਾ ਅਪਡੇਟ-**<br><br>ਵਧੇਰੇ ਜਾਣਕਾਈ ਫਰਵਰੀ 2024 ਦੀ ਰਿਪੋਰਟ ਵਿੱਚ ਹੈ ਜੀ।<br><br>**ਸਿੱਟਾ- ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।** |

# ਮੁੱਦੇ ਦਾ ਵੇਰਵਾ

ਕਮੇਟੀ ਨੂੰ ਅਜਿਹੀ ਯੋਜਨਾਬੰਦੀ ਕਰਨੀ ਚਾਹੀਦੀ ਹੈ ਕਿ ਸਾਰੇ ਪ੍ਰਜੈਕਟ ਸਮੇਂ ਸਿਰ ਸੰਪੂਰਨ ਹੋਣ ਜਿਸ ਨਾਲ ਸੰਗਤ ਦਾ ਸਮਾਂ ਅਤੇ ਪੈਸਾ ਸਹੀ ਢੰਗ ਨਾਲ ਵਰਤਿਆ ਜਾ ਸਕੇ।

**ਅਗਸਤ 2024 ਅਪਡੇਟ-**

ਤਿੰਨ ਟਰਸਟੀਆਂ ਦੇ ਨਾਲ ਜਨਰਲ ਸਕੱਤਰਾਂ ਨੇ ਮੰਡੇ ਡਾਟ ਕਾਮ ਦੇ ਕਾਰਜਾਂ ਦਾ ਨਿਰੀਖਣ ਕੀਤਾ ਹੈ। ਇਹ ਨਿਰੀਖਣ ਹਰ ਦੋ ਹਫਤੇ ਤੋਂ ਬਾਅਦ ਹੁੰਦਾ ਹੈ ਜੇ ਕੋਈ ਮਸਲਾ ਹੁੰਦਾ ਹੈ ਤਾਂ ਉਸਨੂੰ ਸੁਲਝਾਉਣ ਦਾ ਯਤਨ ਕੀਤਅ ਜਾਂਦਾ ਹੈ। ਇਸ ਨੀਤੀ ਨੂੰ ਰਸਮੀ ਤੌਰ ਉੱਤੇ ਕਮੇਟੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ।

**ਸਿੱਟਾ**- **ਕਾਰਜ ਸਹੀ ਸਮਾਪਤ ਹੋ ਗਿਆ ਹੈ ਜੀ।**

ਹਰ ਕਮੇਟੀ ਮੀਟਿੰਗ ਵਿੱਚ ਇਸ ਨੀਤੀ ਦੀ ਨਜ਼ਰਸਾਨੀ ਹੋਣੀ ਚਾਹੀਦੀ ਹੈ ਤਾਂ ਕਿ ਹੋ ਰਹੇ ਵਿਕਾਸ ਕਾਰਜਾਂ ਤੇ ਨਿਗਾਹ ਰੱਖੀ ਜਾ ਸਕੇ।

**ਅਗਸਤ 2024 ਅਪਡੇਟ-**

ਕਮੇਟੀ ਨੂੰ ਇਹ ਵੀ ਨਿਸਚਿਤ ਕਰਨਾ ਚਾਹੀਦਾ ਹੈ ਕਿ ਸਾਰੇ ਫੈਸਲੇ ਗੁਰੂਘਰ ਦੇ ਸੰਵਿਧਾਨ ਅਨੁਸਾਰ ਹੀ ਲਏ ਜਾਣ। ਜੇ ਕੋਈ ਰਾਹ ਬਦਲੀ ਹੁੰਦੀ ਹੈ ਉਹ ਕਮੇਟੀ ਮੀਟਿੰਗ ਵਿੱਚ ਲਿਖੀ ਜਾਣੀ ਚਾਹੀਦੀ ਹੈ।

**ਸਿੱਟਾ**- **ਕਾਰਜ ਜਾਰੀ ਹੈ ਜੀ।**

# ਮੁੱਦੇ ਦਾ ਵੇਰਵਾ

## 9. ਪਰਾਪਰਟੀਅਤੇ ਸਹੂਲਤਾਂ ਦੀ ਵਰਤੋਂ

### ਪਿੱਠਭੂਮੀ:

ਗੁਰੂਘਰ ਦੀਆਂ ਪਰਾਪਰਟੀਆਂ ਇਸਦੇ ਆਸ਼ੇ ਅਨੁਸਾਰ ਸਹੀ ਢੰਗ ਨਾਲ ਨਹੀ ਵਰਤੀਆਂ ਜਾ ਰਹੀਆਂ:

- ਗੁਰੂਘਰ ਦੀਆਂ ਪਰਾਪਰਟੀਆਂ ਦੀ ਮੈਨੇਜਮੈਂਟ ਲਈ ਕੋਈ ਯੋਜਨਾ ਨਹੀ ਹੈ।
- ਬਹੁਤ ਵਾਰ ਇਹ ਸ਼ਿਕਾਇਤ ਆਈ ਹੈ ਕਿ ਗੁਰੂਘਰ ਦੀ ਪਰਾਪਰਟੀ ਨੂੰ ਪਾਰਕਿੰਗ ਅਤੇ ਸਟੋਰੇਜ਼ ਲਈ ਵਰਤਿਆ ਜਾ ਰਿਹਾ ਹੈ। ਇਨ੍ਹਾਂ ਵਿੱਚ ਬਾਹਰੀ ਇਮਾਰਤਾਂ, ਸ਼ੈਡਾਂ ਅਤੇ ਲੌਂਜ ਸ਼ਾਮਲ ਹਨ।
- ਇਹ ਵੀ ਸ਼ਿਕਾਇਤ ਮਿਲੀ ਹੈ ਕਿ ਗੁਰੂਘਰ ਦੀਆਂ ਇਮਾਰਤਾਂ ਤੇ ਸੇਵਾਦਾਰਾਂ ਨੇ ਕਬਜਾ ਕੀਤਾ ਹੋਇਆ ਹੈ।

ਇਸ ਕਾਰਨ ਗੁਰੂਘਰ ਨੂੰ ਆਰਥਕ ਨੁਕਸਾਨ ਹੋ ਰਿਹਾ ਹੈ ਕਿਉਂਕਿ ਉਨ੍ਹਾਂ ਇਮਾਰਤਾਂ ਦਾ ਕੋਈ ਕਿਰਾਇਆ ਨਹੀ ਆ ਰਿਹਾ। ਇਸ ਵਾਧੂ ਕਿਰਾਏ ਨਾਲ ਗੁਰੂਘਰ ਦੀ ਮਾਇਆ ਹੋਰ ਪ੍ਰਜੈਕਟਾਂ ਵਿੱਚ ਵਰਤੀ ਜਾ ਸਕਦੀ ਹੈ। ਜਿਵੇਂ ਕਿ ਐਜੂਕੇਸ਼ਨ ਦੇ ਪ੍ਰਜੈਕਟ, ਖੇਡਾਂ ਦੇ ਪ੍ਰਜੈਕਟ। ਗੈਰਕਨੂੰਨੀ ਕਬਜੇ ਵਾਲੀ ਇਮਾਰਤ ਗਲਤ ਕੰਮਾਂ ਲਈ ਵੀ ਵਰਤੀ ਜਾ ਸਕਦੀ ਹੈ ਜਿਸ ਨਾਲ ਗੁਰੂਘਰ ਨੂੰ ਆਰਥਕ ਅਤੇ ਕਨੂੰਨੀ ਚੁਣੌਤੀਆਂ ਦਾ ਸਾਹਮਣਾਂ ਕਰਨਾ ਪੈ ਸਕਦਾ ਹੈ।

### ਕਮੇਟੀ ਐਕਸ਼ਨ ਪਲਾਨ:

ਗੁਰਦੁਆਰੇ ਦੀ ਮਲਕੀਅਤ ਵਾਲੇ ਘਰਾਂ ਦੇ ਪੋਰਟਫੋਲੀਓ ਲਈ, ਕਮੇਟੀ ਨੂੰ ਇੱਕ ਮਜ਼ਬੂਤ ਲੈਟਿੰਗ ਨੀਤੀ ਲਾਗੂ ਕਰਨ ਦੀ ਲੋੜ ਹੈ।

ਗੁਰਦੁਆਰੇ ਦੀ ਮਲਕੀਅਤ ਵਾਲੀਆਂ ਹੋਰ ਸਾਰੀਆਂ ਇਮਾਰਤਾਂ (ਜਿਵੇਂ ਕਿ ਬਾਹਰੀ ਇਮਾਰਤਾਂ, ਸ਼ੈੱਡ ਅਤੇ ਲਾਜ) ਲਈ ਕਮੇਟੀ ਨੂੰ ਇਹ ਯਕੀਨੀ ਬਣਾਉਣ ਲਈ ਇੱਕ ਨੀਤੀ ਲਾਗੂ ਕਰਨ ਦੀ ਲੋੜ ਹੈ ਕਿ ਇਮਾਰਤਾਂ ਦੀ ਗੁਰਦੁਆਰੇ ਦੇ ਉਦੇਸ਼ਾਂ ਅਨੁਸਾਰ ਢੁਕਵੀਂ ਵਰਤੋਂ ਕੀਤੀ ਜਾ ਰਹੀ ਹੈ।

ਜਿੱਥੇ ਜਰੂਰੀ ਹੋਵੇ ਗੁਰੂਘਰ ਦੀਆਂ ਇਮਾਰਤਾਂ ਤੇ ਗੂਰ ਕਨੂੰਨੀ ਤੌਰ ਤੇ ਕਾਬਜ ਲੋਕਾਂ ਨੂੰ ਜਬਰਦਸਤੀ ਬਾਹਰ ਕੱਢਿਆ ਜਾਵੇ।

### ਨੀਤੀ ਸਬੰਧੀ ਮੁਲੰਕਣ:

**ਸਤੰਬਰ 2023 ਦੀ ਰਿਪੋਰਟ-**

ਗੁਰੂਘਰ ਦੀਆਂ ਇਮਾਰਤਾਂ ਨੂੰ ਕਿਰਾਏ ਤੇ ਦੇਣ ਸਬੰਧੀ ਇੱਕ ਲੈਟਿੰਗ ਨੀਤੀ ਬਣਾਈ ਗਈ ਹੈ। ਕਮੇਟੀ ਨੂੰ ਚਾਹੀਦਾ ਹੈ ਕਿ ਇਸ ਨੀਤੀ ਨੂੰ ਜੋਰਦਾਰ ਢੰਗ ਨਾਲ ਲਾਗੂ ਕਰੇ ਅਤੇ ਪ੍ਰਬੰਧ ਨੂੰ ਸਹੀ ਲੀਹ ਤੇ ਲੈਕੇ ਆਵੇ। ਕਮੇਟੀ ਨੇ ਆਪਣੇ ਮੁਲਾਜਮਾਂ ਲਈ ਲੰਡਨ ਘੱਟੋ-ਘੱਟ ਤਨਖਾਹ ਦੀ ਯੋਜਨਾ ਨੂੰ ਪਰਵਾਨਗੀ ਦਿੱਤੀ ਹੈ। ਤਾਂ ਕਿ ਸਟਾਫ ਆਪਣੇ ਘਰ ਕਿਰਾਏ ਤੇ ਲਵੇ ਜਾਂ ਖਰੀਦੇ ਅਤੇ ਉਹ ਗੁਰੂਘਰ ਦੀਆਂ ਇਮਾਰਤਾਂ ਦੀ ਦੁਰਵਰਤੋਂ ਨਾ ਕਰੇ।

**ਸਿੱਟਾ-** ਕਾਰਜ ਸਿਰੇ ਚੜ੍ਹ ਗਿਆ ਹੈ।